2023/00452

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ
Phone: 0172-2212221

31/7/23

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) (ਐਸਿ)
ਪੰਜਾਬ
ਮੀਮੋ ਨੰਬਰ : AD(Co) SSE/2023210056
ਮਿਤੀ : 28-07-2023

ਵਿਸ਼ਾ: ਸੀ.ਸੀ.ਆਰ.ਟੀ ਵੱਲੋਂ ਕਲਚਰਲ ਟੇਲੈਂਟ ਸਰਚ ਸਕਾਲਰਸ਼ਿਪ ਸਕੀਮ 2023-24 ਦੇ ਤਹਿਤ ਸਕਾਲਰਸ਼ਿਪ ਐਵਾਰਡ ਸਬੰਧੀ।

ਉਪਰੋਕਤ ਦੇ ਸਬੰਧ ਸੀ.ਸੀ.ਆਰ.ਟੀ ਵੱਲੋਂ ਸੰਗੀਤ, ਡਾਂਸ,ਨਾਟਕ ਅਤੇ ਵੱਖ-ਵੱਖ ਕਲਾ ਦੇ ਖੇਤਰਾਂ ਜਿਵੇਂ ਕਿ ਚਿੱਤਰਕਲਾ, ਮੂਰਤਕਲਾ, ਸ਼ਿਲਪ, ਰਚਨਾਤਮਕ ਲੇਖਨ ਅਤੇ ਸਾਹਿਤਕ ਕਲਾ ਆਦਿ ਵਿੱਚ ਟੇਲੈਂਟ ਵਿਕਸਤ ਕਰਨ ਲਈ 10 ਸਾਲ ਤੋਂ 14 ਸਾਲ ਦੀ ਉਮਰ ਦੇ ਉੱਤਮ ਬੱਚਿਆਂ ਲਈ ਟ੍ਰੇਨਿੰਗ ਸੁਵਿਧਾ ਪ੍ਰਦਾਨ ਕਰਨ ਲਈ ਕਲਚਰਲ ਟੇਲੈਂਟ ਸਰਚ ਸਕਾਲਰਸ਼ਿਪ ਸਕੀਮ ਸ਼ੁਰੂ ਕੀਤੀ ਜਾਣੀ ਹੈ। ਇਸ ਸਕੀਮ ਤਹਿਤ ਸਕਾਲਰਸ਼ਿਪ ਫਾਰਮ www.ccrtindia.gov.in ਤੋਂ ਡਾਊਨਲੋਡ ਕੀਤਾ ਜਾਣਾ ਹੈ। ਇਹ ਫਾਰਮ ਮਾਪਿਆਂ/ਸਰਪ੍ਰਸਤਾਂ ਦੁਆਰਾ ਭਰਿਆ ਜਾਵੇਗਾ ਅਤੇ ਸਕੂਲ ਮੁਖੀ/ਅਧਿਆਪਕਾਂ ਰਾਹੀਂ ਤਸਦੀਕ ਕੀਤਾ ਜਾਵੇਗਾ। ਫਾਰਮ ਭਰਨ ਉਪਰੰਤ ਇਸ ਨੂੰ ਮਾਪਿਆਂ/ਸਰਪ੍ਰਸਤਾਂ ਦੁਆਰਾ ਮਿਤੀ 31-07-2023 ਤੱਕ ਹਰ ਹਾਲਤ ਵਿੱਚ ਸੀ.ਸੀ.ਆਰ.ਟੀ ਨਿਊ ਦਿੱਲੀ ਨੂੰ ਭੇਜਿਆ ਜਾਣਾ ਹੈ। ਸਕੂਲ ਮੁਖੀ ਹਰ ਯੋਗ ਵਿਦਿਆਰਥੀ ਤੱਕ ਇਹ ਜਾਣਕਾਰੀ ਦੇਣੀ ਯਕੀਨੀ ਬਣਾਉਣ ਤਾਂ ਕਿ ਯੋਗ ਵਿਦਿਆਰਥੀ ਇਸ ਦਾ ਲਾਭ ਲੈ ਸਕਣ।

ਅਮਨਪ੍ਰੀਤ ਸਿੰਘ ਪੀ.ਸੀ.ਐਸ
ਡਾਇਰੈਕਟਰ
ਐਸ.ਸੀ.ਈ.ਆਰਟੀ ਪੰਜਾਬ।

ਪਿੱਠ ਅੰਕਣ ਨੰ: ਉੱਕਤ — ਮਿਤੀ: 28-07-2023

ਉਕਤ ਦਾ ਉਤਾਰਾ ਪੀ.ਏ ਟੂ ਨੂੰ ਸੂਚਨਾ ਹਿੱਤ ਭੇਜਿਆ ਜਾ ਰਿਹਾ ਹੈ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰਟੀ ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: ਡ-1/2023/627 ਮਿਤੀ 31/7/2023
ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਅਤੇ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ
31/7/23